# 7

# ਬਾਈਬਲ ਤੋਂ ਬਾਹਰੋਂ ਉਸਦੇ ਮਨੁੱਖ ਹੋਣ ਦੇ ਸਬੂਤ

ਅਸੀਂ ਯਿਸੂ ਦੇ ਖ਼ੁਦਾ ਹੋਣ 'ਤੇ ਵਿਸਥਾਰ ਨਾਲ ਗੱਲ ਕਰ ਚੁਕੇ ਹਾਂ। ਖ਼ੁਦਾਈ ਦੀ ਗੱਲ ਕਰਨ 'ਤੇ ਅਸੀਂ ਖ਼ੁਦਾ ਦੀ ਗੱਲ ਕਰ ਰਹੇ ਹੁੰਦੇ ਹਾਂ ਜੋ ਸਰਵਉੱਚ ਹੈ। ਖ਼ੁਦਾ ਨੂੰ ਵਿਅਕਤੀ ਵਿਚ ਵੇਖਣਾ ਹੋਵੇ ਤਾਂ ਅਸੀਂ ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ, ਪਰਮੇਸ਼ੁਰ ਆਤਮਾ ਦੀ ਗੱਲ ਕਰਦੇ ਹਾਂ। ਅਸੀਂ ਵੇਖ ਚੁਕੇ ਹਾਂ ਕਿ ਯਿਸੂ ਪਰਮੇਸ਼ੁਰ ਪੁੱਤਰ ਹੈ। ਯਿਸੂ ਦੇਹ ਧਾਰੀ ਹੋਇਆ ਭਾਵ ਉਹ ਦੇਹ ਵਿਚ ਖ਼ੁਦਾ ਹੈ। ਨਿਰਾਕਾਰਵਾਦੀ (ਇਕ ਫ਼ਲਾਸਫ਼ੀ) ਲੋਕਾਂ ਨੇ ਯਿਸੂ ਦੇ ਮਨੁੱਖ ਹੋਣ ਨੂੰ ਨਕਾਰ ਦਿੱਤਾ ਸੀ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਖ਼ੁਦਾ (ਸ਼ੁੱਧ ਆਤਮਾ) ਆਪਣੇ ਆਪ ਨੂੰ ਅਸ਼ੁੱਧ ਤੱਤ (ਸਰੀਰ) ਨਾਲ ਐਨਾ ਗਹਿਰਾਈ ਨਾਲ ਜੋੜ ਨਹੀਂ ਸਕਦਾ ਸੀ। ਇਹ ਕੁਫ਼ਰ ਸੀ ਅਤੇ ਅੱਜ ਵੀ ਹੈ। ਐਨੀ ਪਰੇਸ਼ਾਨੀ ਵਾਲੀ ਕਿਹੜੀ ਗੱਲ ਹੈ? ਭਲਾ ਖ਼ੁਦਾ ਮੁਕਤੀਦਾਤਾ ਨਹੀਂ ਹੈ? ਇਹ ਸਮਝਣਾ ਐਨਾ ਜ਼ਰੂਰੀ ਹੈ ਕਿ ਯਿਸੂ ਮਨੁੱਖ ਸੀ?

ਯਿਸੂ ਦਾ ਮਨੁੱਖ ਹੋਣਾ ਸਾਨੂੰ ਇਸ ਹੈਰਾਨੀਜਨਕ ਅਹਿਸਾਸ ਤਕ ਲੈ ਆਉਂਦਾ ਹੈ ਕਿ ਖ਼ੁਦਾ *ਮਨੁੱਖੀ ਕੌਮ ਨੂੰ ਬਚਾਉਣ* ਲਈ ਸਰੀਰ ਵਿਚ ਆਇਆ। ਮੁੱਢ ਤੋਂ ਹੀ ਸਿਖਾਇਆ ਜਾਂਦਾ ਹੈ ਕਿ ਜਾਨ ਲਹੂ ਵਿਚ ਹੁੰਦੀ ਹੈ। ਪਾਪਾਂ ਦੀ ਕੁਰਬਾਨੀ ਲਈ ਲਹੂ ਵਹਾਇਆ ਜਾਣਾ ਜ਼ਰੂਰੀ ਸੀ, ਪਰ ਜਾਨਵਰਾਂ ਦੇ ਲਹੂ ਨਾਲ ਪਾਪ ਨਹੀਂ ਮਿਟਾਏ ਜਾ ਸਕਦੇ ਸਨ (ਲੇਵੀਆਂ ਦੀ ਪੋਥੀ 17:11; ਇਬਰਾਨੀਆਂ 10:4)। ਇਸ ਕਰਕੇ ਸਾਨੂੰ ਆਪਣੀ ਪਾਪੀ ਹਾਲਤ ਤੋਂ ਬਚਾਉਣ ਲਈ ਜਿਸ ਨਾਲ ਅਸੀਂ ਆਪਣੇ ਆਪ ਨੂੰ ਸ਼ਾਇਦ ਬਚਾ ਨਹੀਂ ਸਕਦੇ ਸੀ, ਪਰਮੇਸ਼ੁਰ ਪੁੱਤਰ ਨੇ ਸਿੱਧ, ਪਾਪ ਰਹਿਤ ਲਹੂ ਦੀ ਕੁਰਬਾਨੀ ਦਿੱਤੀ ਸੀ ਜਿਸਦੀ ਪ੍ਰਭਾਵਸ਼ਾਲੀ ਸ਼ਕਤੀ ਦਾ ਕੋਈ ਅੰਤ ਨਹੀਂ ਹੈ (ਇਬਰਾਨੀਆਂ 9:11-14)। ਨਿਸ਼ਾਨ ਲਾ ਲਓ! ਸਲੀਬ ਤੇ ਵਹਾਇਆ ਗਿਆ ਲਹੂ ਕਿਸੇ ਤਰ੍ਹਾਂ ਦਾ ''ਖ਼ੁਦਾਈ'' ਲਹੂ ਨਹੀਂ ਸੀ। ਸਲੀਬ ਉੱਤੇ ਯਿਸੂ ਦੀ ਮੌਤ ਖ਼ੁਦਾ ਦੀ ਮੌਤ ਨਹੀਂ ਸੀ। ਇਹ ਇਕ ਮਨੁੱਖੀ ਜੀਵ ਭਾਵ *ਮਨੁੱਖ* ਦੀ ਮੌਤ ਸੀ। ਇਹ ਇਕ *ਜ਼ਰੂਰੀ* ਕੁਰਬਾਨੀ ਸੀ। (ਜੇ ਇਸ ਤੋਂ ਘੱਟ ਕੁਰਬਾਨੀ ਕਾਫ਼ੀ ਹੁੰਦੀ ਤਾਂ ਭਲਾ ਪਿਤਾ ਆਪਣੇ ਪੁੱਤਰ ਨੂੰ *ਇਸ* ਲਈ ਦਿੰਦਾ?) ਇਸ ਕਰਕੇ, ਯਿਸੂ ਦੇ ਮਨੁੱਖ ਹੋਣ ਦੀ ਗੱਲ ਤੋਂ ਇਨਕਾਰ ਕਰਨ ਦਾ ਮਤਲਬ, ਅਸਲ 'ਚ ਆਪਣੀ ਮੁਕਤੀ ਤੋਂ ਇਨਕਾਰ ਕਰਨਾ ਹੋਵੇਗਾ। ਯਿਸੂ ਦੇ ਖ਼ੁਦਾ ਹੋਣ ਅਤੇ ਉਸਦੇ ਮਨੁੱਖ ਹੋਣ ਦੀ ਅਹਿਮੀਅਤ ਤੇ ਜ਼ੋਰ ਦੇਣ ਦੇ ਬਾਅਦ ਹੁਣ ਅਸੀਂ ਉਨਾਂ ਲੋਕਾਂ ਵੱਲ ਆਉਂਦੇ ਹਾਂ ਜੋ ਉਸ ਦੀ ਇਤਿਹਾਸਕਤਾ ਅਤੇ ਮਨੁੱਖ ਹੋਣ ਦੀ ਤਸਦੀਕ ਵੀ ਕਰਦੇ ਹਨ।

ਸਾਡੀ ਸਭ ਤੋਂ ਵੱਧ ਦਿਲਚਸਪੀ ਉਸ ਸਭ ਵਿਚ ਹੈ ਜੋ ਬਾਈਬਲ ਖ਼ੁਦਾ ਬੇਟੇ ਬਾਰੇ ਕਹਿੰਦੀ ਹੈ। ਪਰ ਪ੍ਰਚਾਰ ਕਰਨ ਅਤੇ ਸਿਖਾਉਣ ਦੇ ਦਹਾਕਿਆਂ ਦੇ ਆਪਣੇ ਸਮੇਂ ਵਿਚ ਮੈਨੂੰ ਕਈ ਵਾਰੀ ਪੁੱਛਿਆ ਗਿਆ ਹੈ ਕਿ ਯਿਸੂ ਦੇ ਹੋਣ ਦਾ ਬਾਈਬਲ ਤੋਂ ਬਾਹਰ ਕੋਈ ਸਬੂਤ ਨਹੀਂ

ਹੈ। ਕੈਲੰਡਰ ਸਾਲ ਇਸ ਗੱਲ ਦੀ ਇਕ ਮਿਸਾਲ ਹੈ ਕਿ ਅਸੀਂ ਸਭ ਸੰਸਾਰ ਵਿਚ ਯਿਸੂ ਦੀ ਹੋਂਦ ਤੋਂ ਪ੍ਰਭਾਵਿਤ ਹਾਂ!

ਸਵਾਲ ਪੁੱਛਣ ਵਾਲੇ ਲੋਕ ਸਾਹਿਤਕ ਸਬੂਤ ਮੰਗਦੇ ਹਨ। ਉਨ੍ਹਾਂ ਲਈ ਜੋ ਮਸੀਹ ਦੇ ਜ਼ਿੰਦਗੀ ਨਾਲ ਜੁੜੇ ''ਬਾਈਬਲ ਦੇ ਬਾਹਰੀ'' ਸਬੂਤਾਂ ਬਾਰੇ ਹੈਰਾਨ ਹੋ ਸਕਦੇ ਹਨ, ਆਓ ਉਨ੍ਹਾਂ ਵਸੀਲਿਆਂ ਦਾ ਬਿਆਨ ਕਰਦੇ ਹਾਂ ਜੋ ਸਮੇਂ ਦੀ ਲੁੱਟ-ਮਾਰ ਤੋਂ ਬਚ ਗਏ ਹਨ। ਮਿਹਰਬਾਨੀ ਕਰਕੇ ਧਿਆਨ ਦਿਓ ਕਿ ਅਸੀਂ ਇਨ੍ਹਾਂ ਦਸਤਾਵੇਜ਼ਾਂ ਦੀ ਵਿਆਖਿਆ ਜਾਂ ਉਨ੍ਹਾਂ ਦਾ ਮੁਲਾਂਕਣ ਨਹੀਂ ਕਰ ਰਹੇ ਹਾਂ। ਅਸੀਂ ਤਾਂ ਉਨ੍ਹਾਂ ਨੂੰ ਸਿਰਫ਼ ਸਬੂਤ ਦੇ ਤੌਰ ਤੇ ਦੇ ਰਹੇ ਹਾਂ ਕਿ ਯਿਸੂ ਦਾ ਜ਼ਿਕਰ ਬਾਈਬਲ ਦੇ ਬਾਹਰ ਵੀ ਮਿਲਦਾ ਹੈ।

ਕਿਉਂਕਿ ਯਿਸੂ ਇਕ ਯਹੂਦੀ ਸੀ ਜੋ ਖ਼ਾਸ ਤੌਰ ਤੇ ਯਹੂਦੀਆਂ ਵਿਚ ਰਹਿੰਦਾ ਅਤੇ ਕੰਮ ਕਰਦਾ ਸੀ, ਇਸ ਕਰਕੇ ਇਹ ਧਿਆਨ ਦੇਣਾ ਦਿਲਚਸਪ ਗੱਲ ਹੈ ਕਿ ਕੋਈ ਯਹੂਦੀ ਵਸੀਲਾ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਯਿਸੂ ਹੋਇਆ ਹੈ। ਇਹਦੇ ਉਲਟ ਯਹੂਦੀ ਵਸੀਲਿਆਂ ਤੋਂ ਸੰਕੇਤ ਮਿਲਦਾ ਹੈ ਕਿ ਉਹ ਇਤਿਹਾਸ ਵਿਚ ਹੋਇਆ ਹੈ। ਮਿਸਾਲ ਦੇ ਤੌਰ ਤੇ ਪਹਿਲੀ ਸਦੀ ਦੇ ਇਕ ਯਹੂਦੀ ਇਤਿਹਾਸਕਾਰ, ਜੋਸੇਫ਼ਸ ਨੇ ਆਪਣੀ ਕਿਤਾਬ *ਐਂਟਿਕੁਇਟੀਜ਼ ਆਫ਼ ਦ ਜਿਊਸ* ਵਿਚ ਲਿਖਿਆ ਹੈ:

> ਹੁਣ ਇਸ ਸਮੇਂ ਦੇ ਆਸ ਪਾਸ ਯਿਸੂ ਇਕ ਬੁੱਧਮਾਨ ਮਨੁੱਖ, ਜ਼ਰੂਰੀ ਹੋਵੇ ਤਾਂ ਉਸਨੂੰ ਮਨੁੱਖ ਕਹਿਣਾ ਸਹੀ ਹੈ। ਉਹ ਅਚੰਭੇ ਕੰਮ (ਮੋਅਜਜ਼ੇ) ਕਰਨ ਵਾਲਾ, ਅਜਿਹੇ ਲੋਕਾਂ ਦਾ ਸਿਖਾਉਣ ਵਾਲਾ ਸੀ ਜੋ ਸੱਚਾਈ ਨੂੰ ਖੁਸ਼ੀ ਨਾਲ ਮੰਨਦੇ ਹਨ। ਉਸਨੇ ਬਹੁਤ ਸਾਰੇ ਯਹੂਦੀਆਂ ਅਤੇ ਹੋਰ ਕੌਮਾਂ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ। ਉਹ ਮਨੁੱਖ ਮਸੀਹ ਸੀ।[1]

ਰੋਮੀ ਲੋਕਾਂ ਵੱਲੋਂ ਦਿੱਤੇ ਗਏ ਸਬੂਤ ਤੋਂ ਪਤਾ ਲਗਦਾ ਹੈ ਕਿ ਯਿਸੂ ਇਕ ਸਚਮੁਚ ਇਤਿਹਾਸਕ ਆਦਮੀ ਸੀ। ਟੇਸਿਟੁਸ ਇਕ ਰੋਮੀ ਇਤਿਹਾਸਕਾਰ ਸੀ ਜੋ ਪਹਿਲੀ ਸਦੀ ਦੇ ਸ਼ੁਰੂ ਤੋਂ ਲੈ ਕੇ ਲਗਭਗ 120ਈਸਵੀ ਤਕ ਹੋਇਆ ਹੈ। ਉਸ ਅੱਗ ਬਾਰੇ ਲਿਖਦਿਆਂ ਜਿਸ ਨਾਲ 64ਈਸਵੀ ਵਿਚ ਰੋਮ ਦਾ ਬਹੁਤਾ ਹਿੱਸਾ ਸੜ ਗਿਆ ਸੀ ਉਸਨੇ ਇਸ ਦੁਖਾਂਤ ਦਾ ਇਲਜ਼ਾਮ ਉਸ ਸਮੇਂ ਰੋਮ ਵਿਚ ਰਹਿੰਦੇ ਮਸੀਹੀ ਲੋਕਾਂ ਤੇ ਲਾਉਣ ਦੀ ਨੀਰੋ ਦੀ ਕੋਸ਼ਿਸ਼ ਬਾਰੇ ਲਿਖਿਆ ਹੈ:

> ਸਿੱਟੇ ਵਜੋਂ ਉਸ ਰਿਪੋਰਟ ਤੋਂ ਪੱਲਾ ਝਾੜਣ ਲਈ [ਜਿਸ ਵਿਚ ਉਸ ਉੱਤੇ ਰੋਮ ਨੂੰ ਅੱਗ ਲਾਉਣ ਦਾ ਇਲਜ਼ਾਮ ਸੀ] ਨੀਰੋ ਨੇ ਇਕ ਖ਼ਾਸ ਵਰਗ ਨੂੰ ਜਿਸ ਨੂੰ ਉਨ੍ਹਾਂ ਦੀਆਂ ਘਿਰਣਾਵਾਂ ਕਰਕੇ ਨਫ਼ਰਤ ਕੀਤੀ ਜਾਂਦੀ ਸੀ, ਅਤੇ ਉਨ੍ਹਾਂ ਨੂੰ ਮਸੀਹੀ ਆਖਿਆ ਜਾਂਦਾ ਸੀ। ਖ੍ਰਿਸਟੁਸ ਜਿਸ ਤੋਂ ਉਨ੍ਹਾਂ ਨੂੰ ਇਹ ਨਾਮ ਮਿਲਿਆ ਸੀ ਨੂੰ ਮੁਜਰਿਮ ਠਹਿਰਾ ਕੇ ਬਹੁਤ ਤਸੀਹੇ ਦਿੱਤੇ ਗਏ, ਜੋ ਤਿਬਰਯੁਸ ਦੀ ਹਕੂਮਤ ਦੌਰਾਨ ਸਾਡੇ ਇਕ ਹਾਕਿਮ ਪੌਂਤੁਸ ਪਿਲਾਤੁਸ ਹੱਥੋਂ ਬਹੁਤ ਸਖ਼ਤ ਸਜ਼ਾ ਪਾਈ ਸੀ, ...[2]

ਭਾਵੇਂ ਯਹੂਦੀਆਂ ਅਤੇ ਰੋਮੀ ਵਸੀਲਿਆਂ ਤੋਂ ਹੋਰ ਵੀ ਸਬੂਤ ਪੇਸ਼ ਕੀਤੇ ਜਾ ਸਕਦੇ ਸਨ ਪਰ ਜਿੰਨੇ ਵੀ ਸਬੂਤ ਦਿੱਤੇ ਗਏ ਹਨ ਉਹ ਸਾਡੇ ਮਕਸਦ ਨੂੰ ਪੂਰਾ ਕਰਨ ਲਈ ਕਾਫ਼ੀ ਹਨ।

ਯਿਸੂ ਇਕ ਮਨੁੱਖ ਸੀ ਜੋ ਇਕ ਖ਼ਾਸ ਥਾਂ ਅਤੇ ਇਤਿਹਾਸ ਦੇ ਇਕ ਖ਼ਾਸ ਕਾਲ ਵਿਚ ਹੋਇਆ। ਇਸ ਦੀ ਤਸਦੀਕ ਬਾਈਬਲ ਅਤੇ ਬਾਈਬਲ ਤੋਂ ਬਾਹਰ ਦੇ ਵਸੀਲਿਆਂ ਤੋਂ ਹੁੰਦੀ ਹੈ ਆਮ ਤੌਰ ਤੇ ਮਸੀਹੀ ਲਹਿਰ ਦੇ ਮੁੱਢਲੇ ਵਿਰੋਧੀਆਂ ਰਾਹੀਂ ਲਿਖੇ ਗਏ ਸਨ। ਭਾਵੇਂ ਅਲੋਚਕਾਂ ਵੱਲੋਂ ਕੁਝ ਵਸੀਲਿਆਂ 'ਤੇ ਹਮਲੇ ਹੋਏ ਸਨ ਪਰ ਇਹ ਹਕੀਕਤ ਬਰਕਰਾਰ ਹੈ ਕਿ ਬਾਈਬਲ ਤੋਂ ਇਲਾਵਾ ਵਸੀਲਿਆਂ ਵਿਚ ਇਤਿਹਾਸਕ ਯਿਸੂ ਦੀ ਗੱਲ ਕੀਤੀ ਹੈ। ਜੇ ਯਿਸੂ ਕਦੇ ਹੋਇਆ ਹੀ ਨਹੀਂ ਤਾਂ ਜੋਸੇਫ਼ਸ ਅਤੇ ਟੇਸਿਟੁਸ ਵਰਗੇ ਲੇਖਕਾਂ ਨੂੰ ਪਿਲਾਤੁਸ ਅਤੇ ਤਿਬਰਯੁਸ ਵਰਗੇ ਹੋਰ ਇਤਿਹਾਸਕ ਲੋਕਾਂ ਨਾਲ ਜੋੜ ਕੇ ਲਿਖਣ ਦੀ ਕੀ ਲੋੜ ਸੀ?

ਪੁਰਾਤਨ ਅਕੀਦਿਆਂ ਵਿਚ ਯਿਸੂ ਦਾ ਬਿਆਨ ''ਬੇਹੱਦ ਖ਼ੁਦਾ ਅਤੇ ਬੇਹੱਦ ਇਨਸਾਨ'' ਦੇ ਰੂਪ 'ਚ ਮਿਲਦਾ ਹੈ। ਇਹ ਮਸੀਹੀ ਵਿਸ਼ਵਾਸ ਦੀ ਬੁਨਿਆਦ ਅਤੇ ਸਾਰ ਹੈ। ਇਹ ਛਾ ਜਾਣ ਵਾਲੀ ਸੱਚਾਈ ਜੋ ਮਸੀਹੀਅਤ ਦੀ ਬੁਨਿਆਦ ਹੈ, ਇੰਜੀਲ ਦੇ ਮੁੱਢਲੇ ਸੰਦੇਸ਼ ਤੋਂ ਲਈ ਗਈ ਸੀ, ਜਿਸ ਵਿਚ ਬਹੁਤ ਪੁਰਾਣੇ ਨੇਮ ਦੀ ਸਮੱਗਰੀ ਅਤੇ ਲਿਖਤ ਦੇ ਅਧਿਐਨ ਦੀ ਵਰਤੋਂ ਹੋਈ ਜੋ ਪਹਿਲੀ ਸਦੀ ਦੇ ਅਖ਼ੀਰ ਤਕ ਰਿਹਾ।

---

ਟਿੱਪਣੀਆਂ

[1]ਐਵਰੈੱਟ ਐਫ਼. ਹੈਰੀਸਨ, *ਏ ਸ਼ੌਰਟ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1968), 17 ਵਿਚ ਜੋਸੇਫ਼ਸ *ਐਂਟੀਕੁਈਟੀਜ਼* 18.3.3. [2]ਮੋਜ਼ਜ਼ ਹੇਦਾਸ, ਸੰਪਾ., *ਦਿ ਕੰਪਲੀਟ ਵਰਕਸ ਆਫ਼ ਟੇਸਿਟੁਸ,* ਮੌਡਰਨ ਲਾਇਬ੍ਰੇਰੀ, ਅਨੁ. ਏ. ਜੇ. ਚਰਚ ਐਂਡ ਡਬਲਯੂ. ਜੇ. ਬ੍ਰੌਡਰਿੱਬ (ਨਿਊ ਯਾਰਕ: ਰੈਂਡਮ ਹਾਊਸ, 1942), 380-81 ਵਿਚ ਦੁਹਾਰਾਇਆ ਗਿਆ; ਟੇਸਿਟੁਸ *ਐਨਲਸ* 15.44.